# ਪੀ ਏ ਯੂ ਮਾਹਿਰਾਂ ਨੇ ਬਿਜਾਈ ਸਮੇਂ ਕਣਕ ਵਿੱਚ ਗੁੱਲੀ ਡੰਡੇ ਦੀ ਰੋਕਥਾਮ ਲਈ ਸਿਫਾਰਿਸ਼ ਕੀਤੀ

ਪੀ ਏ ਯੂ ਦੇ ਫ਼ਸਲ ਵਿਗਿਆਨੀਆਂ ਨੇ ਕਣਕ ਦੀ ਬਿਜਾਈ ਸਮੇਂ ਗੁੱਲੀ ਡੰਡੇ ਦੀ ਰੋਕਥਾਮ ਲਈ ਕਿਸਾਨਾਂ ਨੂੰ ਸਿਫਾਰਿਸ਼ ਜਾਰੀ ਕੀਤੀ। ਪੀ ਏ ਯੂ ਦੇ ਫ਼ਸਲ ਵਿਗਿਆਨ ਵਿਭਾਗ ਦੇ ਮੁਖੀ ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਗੁੱਲੀ ਡੰਡਾ ਕਣਕ ਦੀ ਫਸਲ ਦਾ ਪ੍ਰਮੁੱਖ ਨਦੀਨ ਹੈ। ਜੇਕਰ ਸਮੇਂ ਸਿਰ ਇਸ ਦੀ ਰੋਕਥਾਮ ਨਾ ਕੀਤੀ ਜਾਵੇ, ਤਾਂ ਇਹ ਕਣਕ ਦਾ ਝਾੜ ਕਾਫੀ ਘਟਾ ਦਿੰਦਾ ਹੈ।

ਇਸ ਦੀ ਰੋਕਥਾਮ ਜ਼ਿਆਦਾਤਰ ਪਹਿਲੀ ਸਿੰਜਾਈ ਤੋਂ ਬਾਅਦ ਨਦੀਨ ਨਾਸ਼ਕਾਂ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ। ਪਰ ਨਦੀਨ ਨਾਸ਼ਕਾਂ ਦੀ ਲਗਾਤਾਰ ਵਰਤੋਂ ਹੋਣ ਕਰਕੇ, ਖ਼ਾਸ ਕਰਕੇ ਜਿੱਥੇ ਇੱਕੋ ਨਦੀਨ ਨਾਸ਼ਕ ਹਰ ਸਾਲ ਵਰਤਿਆ ਜਾਂਦਾ ਹੈ, ਉਹ ਖੇਤਾਂ ਵਿੱਚ ਗੁੱਲੀ ਡੰਡੇ ਨੇ ਨਦੀਨ ਨਾਸ਼ਕਾਂ ਦੇ ਲਈ ਪ੍ਰਤੀਰੋਧਤਾ ਪੈਦਾ ਕਰ ਲਈ ਹੈ। ਇਨ੍ਹਾਂ ਹਾਲਾਤ ਵਿੱਚ ਗੁੱਲੀ ਡੰਡੇ ਦੀ ਰੋਕਥਾਮ ਲਈ ਕਣਕ ਦੀ ਬਿਜਾਈ ਸਮੇਂ ਨਦੀਨ ਨਾਸ਼ਕਾਂ ਦੀ ਵਰਤੋਂ ਕਰਨਾ ਜਿਆਦਾ ਲਾਭਦਾਇਕ ਹੈ।

ਉਨ੍ਹਾਂ ਅੱਗੇ ਕਿਹਾ ਕਿ ਬਿਜਾਈ ਸਮੇਂ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਗੁੱਲੀ ਡੰਡੇ ਨੂੰ ਉੱਗਣ ਹੀ ਨਹੀਂ ਦਿੰਦੇ। ਕਣਕ ਬੀਜਣ ਦੇ ਤੁਰੰਤ ਬਾਅਦ ਕਿਸੇ ਇੱਕ ਨਦੀਨ ਨਾਸ਼ਕ ਜਿਵੇਂ ਕਿ ਸਟੌਂਪ/ਬੰਕਰ/ਦੋਸਤ 30 ਈ ਸੀ (ਪੈਂਡੀਮੈਥਾਲਿਨ @1.5 ਲਿਟਰ; ਅਵਕੀਰਾ/ਮੋਮੀਜੀ 85 ਪ੍ਰਤੀਸ਼ਤ (ਪਾਈਰੋਕਸਾਸਲਫਾਨ) @60 ਗ੍ਰਾਮ; ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ+ਮੈਟ੍ਰਿਬਿਊਜਿਨ) @1.0 ਲਿਟਰ ਜਾਂ ਦਕਸ਼ਪਲੱਸ 48 ਈ ਸੀ (ਪੈਂਡੀਮੈਥਾਲਿਨ+ ਮੈਟ੍ਰਿਬਿਊਜਿਨ) @900 ਮਿਲੀਲੀਟਰ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ।

ਹੋਰ ਜਾਣਕਾਰੀ ਦਿੰਦਿਆਂ ਭੁੱਲਰ ਨੇ ਦੱਸਿਆ ਕਿ ਛਿੜਕਾਅ ਲਈ 200 ਲੀਟਰ ਪਾਣੀ ਪ੍ਰਤੀ ਏਕੜ ਵਰਤੋ ਅਤੇ ਕੱਟ ਵਾਲੀ ਜਾਂ ਟੱਕ ਵਾਲੀ ਨੋਜ਼ਲ ਦੀ ਵਰਤੋ ਕੀਤੀ ਜਾਵੇ। ਬਿਜਾਈ ਲਈ ਲੱਕੀ ਸੀਡ ਡਰਿੱਲ ਨੂੰ ਤਰਜੀਹ ਦਿਓ ਜਿਹੜੀ ਕਣਕ ਦੀ ਬਿਜਾਈ ਅਤੇ ਨਦੀਨ ਨਾਸ਼ਕ ਦਾ ਛਿੜਕਾਅ ਨਾਲੋਂ ਨਾਲ ਕਰਦੀ ਹੈ। ਨਦੀਨ ਨਾਸ਼ਕ ਦਾ ਛਿੜਕਾਅ ਕਰਨ ਸਮੇਂ ਖੇਤ ਵਿੱਚ ਚੰਗਾ ਸਿਲ੍ਹਾਬ ਦਾ ਹੋਣਾ ਬਹੁਤ ਜ਼ਰੂਰੀ ਹੈ, ਖੇਤ ਢਲਿਆਂ ਤੋਂ ਰਹਿਤ ਹੋਵੇ ਅਤੇ ਛਿੜਕਾਅ ਇਕਸਾਰ ਕੀਤਾ ਜਾਵੇ।

ਇਸ ਤੋਂ ਇਲਾਵਾ ਗੈਰ-ਰਸਾਇਣਕ ਤਰੀਕਿਆਂ ਨਾਲ ਵੀ ਗੁੱਲੀ ਡੰਡੇ ਦੀ ਬਿਜਾਈ ਸਮੇਂ ਰੋਕਥਾਮ ਕੀਤੀ ਜਾ ਸਕਦੀ ਹੈ। ਜਿਵੇਂਕਿ ਸਰਫੇਸ ਸੀਡਿੰਗ-ਕਮ-ਮਲਚਿੰਗ ਵਿਧੀ ਨਾਲ ਬੀਜੀ ਕਣਕ ਗੁੱਲੀ ਡੰਡੇ ਅਤੇ ਹੋਰ ਨਦੀਨਾਂ ਦਾ ਪ੍ਰਭਾਵਸ਼ਾਲੀ ਰੋਕਥਾਮ ਕਰਦੀ ਹੈ। ਇਸ ਤਰੀਕੇ ਨਾਲ ਬੀਜੀ ਹੋਈ ਕਣਕ ਵਾਲੇ ਖੇਤ ਪੂਰੀ ਤਰ੍ਹਾਂ ਝੋਨੇ ਦੀ ਪਰਾਲੀ ਨਾਲ ਢੱਕਿਆ ਹੁੰਦਾ ਹੈ ਜੋ ਕਿ ਨਦੀਨਾਂ ਨੂੰ ਉੱਗਣ ਤੋਂ ਰੋਕਦਾ ਹੈ। ਇਸੇ ਤਰ੍ਹਾਂ ਹੈਪੀ ਸੀਡਰ ਵਰਤਕੇ, ਝੋਨੇ ਦੇ ਨਾੜ ਵਿੱਚ, ਬੀਜੀ ਹੋਈ ਕਣਕ ਦੀ ਫ਼ਸਲ ਵਿੱਚ ਵੀ ਨਦੀਨ ਬਹੁਤ ਘੱਟ ਹੁੰਦੇ ਹਨ ਕਿਉਂਕਿ ਇੱਥੇ ਵੀ ਖੇਤ ਵਿੱਚ ਪਈ ਝੋਨੇ ਦੀ ਪਰਾਲੀ ਨਦੀਨਾਂ ਨੂੰ ਕਾਬੂ ਹੇਠ ਰੱਖਦੀ ਹੈ। ਸੋ ਗੁੱਲੀ ਡੰਡੇ ਦੀ ਸਮੱਸਿਆ ਵਾਲੇ ਖੇਤਾਂ ਵਿੱਚ, ਬਿਜਾਈ ਸਮੇਂ, ਉੱਪਰ ਦੱਸੇ ਨਦੀਨ ਨਾਸ਼ਕ ਦੀ ਵਰਤੋ ਕਰਕੇ ਜਾਂ ਕਣਕ ਦੀ ਬਿਜਾਈ ਸਰਫੇਸ ਸੀਡਿੰਗ –ਕਮ-ਮਲਚਿੰਗ ਜਾਂ ਹੈਪੀ ਸੀਡਰ ਨਾਲ ਕਰਕੇ ਬਿਜਾਈ ਸਮੇਂ ਹੀ ਗੁੱਲੀ ਡੰਡੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ।